## TODAY'S HUKAMNAMA FROM SRI DARBAR SAHIB
## Sri Amritsar.

**[June 12, 2013, Wednesday 04:30 AM. IST]**

ਟੋਡੀ ਮਹਲਾ ੫ ॥

ਸਤਿਗੁਰ ਆਇਓ ਸਰਣਿ ਤੁਹਾਰੀ ॥ ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥ ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥ ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥੧॥ ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥ ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥

------------------------------------------------------------

ਗੁਰਦੁਆਰੇ ਆਉਣ ਦਾ ਅਸਲ ਪ੍ਰਯੋਜਨ ਇਸ ਸ਼ਬਦ ਵਿਚ ਦੱਸਿਆ ਗਿਆ ਹੈ ਜਿਸ ਵਿਚ ਸਿੱਖ ਲਈ ਇਹ ਵਿਸ਼ਵਾਸ ਲਾਜ਼ਮੀ ਹਨ:

੧) ਸਤਿਗੁਰੂ ਤੋਂ ਸਿਵਾ ਹੋਰ ਕੋਈ ਸਾਡਾ ਇਸ਼ਟ ਤੇ ਧਾਰਮਕ ਰਹਿਬਰ ਨਹੀ ਹੈ ।

੨)ਗੁਰੂ ਦੀ ਬਖ਼ਸ਼ਿਸ਼ ਸਾਡੇ ਕੀਤੇ ਮਾੜੇ ਕਰਮਾਂ ਅਤੇ ਨੀਚਤਾ ਨੂੰ ਵੀ ਨਜ਼ਰ-ਅੰਦਾਜ਼ ਕਰ ਸਕਦੀ ਹੈ ।

੩)ਸਾਡਾ ਗੁਰੂ ਸਦਾ ਮੇਹਰਬਾਨ ਹੈ ਤੇ ਬਿਨਾ ਭੇਦ-ਭਾਵ ਦੇ ਸਭ ਨੂੰ ਆਸਰਾ ਦੇਣ ਵਾਲਾ ਹੈ ।

੪)ਗੁਰਦੁਆਰੇ ਆਉਣ ਦਾ ਮੁਖ ਪ੍ਰਯੋਜਨ ਸਤਿਸੰਗਤ ਕਰਨਾ ਹੀ ਹੈ ।

੫)ਜੇਕਰ ਸਾਡੇ ਇਹ ਵਿਸ਼ਵਾਸ ਪੱਕੇ ਹਨ ਤਾਂ ਨਿਸਚੇ ਹੀ ਸਾਡੀਆਂ ਚਿੰਤਾਵਾਂ ਫ਼ਿਕਰ ਦੂਰ ਹੋਣਗੀਆਂ ਤੇ ਸਾਨੂੰ ਆਤਮਿਕ ਸੁਖ ਮਿਲੇਗਾ ।